# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 11 ਨਵੰਬਰ 2025 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਨਸੈਟ ਇੰਡੋ ਕਨੇਡੀਅਨ ਸੀਨੀਅਰ ਸੋਸਾਇਟੀ ਵੈਨਕੂਵਰ ਵੱਲੋਂ ਗੁਰੂ ਨਾਨਕ ਦੇ ਜੀਵਨ ਅਤੇ ਫ਼ਲਸਫੇ 'ਤੇ ਸੈਮੀਨਾਰ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਵੈਨਕੂਵਰ, 11 ਨਵੰਬਰ : ਸਨਸੈਟ ਇੰਡੋ ਕਨੇਡੀਅਨ ਸੀਨੀਅਰ ਸੋਸਾਇਟੀ ਵੈਨਕੂਵਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ 'ਤੇ ਉਨ੍ਹਾਂ ਦੇ ਜੀਵਨ ਅਤੇ ਫ਼ਲਸਫੇ 'ਤੇ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਗਿਆਨੀ ਹਰਪ੍ਰੀਤ ਸਿੰਘ, ਡਾ. ਕਾਲਾ ਸਿੰਘ ਅਤੇ ਹੋਰ ਵਿਦਵਾਨਾਂ ਨੇਕੀਤੇ ਵਿਚਾਰ ਸਾਂਝੇ ਕੀਤੇ। ਸੈਮੀਨਾਰ ਦੀ ਸ਼ੁਰੂਆਤ ਸੋਸਾਇਟੀ ਦੇ ਸਕੱਤਰ ਸੁਰਜੀਤ ਸਿੰਘ ਨੇ ਗੁਰੂ ਸਾਹਿਬ ਦੇ ਜੀਵਨ ਬਾਰੇ ਜਾਣਕਾਰੀ ਦਿੰਦਿਆਂ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਸਾਹਿਬ ਦਾ ਜੀਵਨ ਮਨੁੱਖਤਾ, ਸੱਚਾਈ ਅਤੇ ਨਿਰਭਉ ਜੀਵਨ ਜੀਉਣ ਦਾ ਪ੍ਰਤੀਕ ਹੈ।



ਸਮਾਗਮ ਦੇ ਮੁੱਖ ਬੁਲਾਰੇ ਗਿਆਨੀ ਹਰਪ੍ਰੀਤ ਸਿੰਘ, ਜੋ ਇਸ ਵੇਲੇ ਗੁਰਦੁਆਰਾ ਚੀਫ਼ ਖਾਲਸਾ ਦੀਵਾਨ ਵੈਨਕੂਵਰ ਵਿਖੇ ਕਥਾਵਾਚਕ ਦੀ ਸੇਵਾ ਨਿਭਾ ਰਹੇ ਹਨ, ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸਿੱਖ ਕੌਮ ਦੀ ਪਹਿਲੀ ਵੱਡੀ ਤਰਾਸਦੀ ਇਹ ਹੈ ਕਿ ਅਸੀਂ ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ ਹੀ ਸਹੀ ਤਾਰੀਖ 'ਤੇ ਨਹੀਂ ਮਨਾ ਰਹੇ। ਉਨ੍ਹਾਂ ਨੇ ਕਿਹਾ ਕਿ ਭਾਈ ਬਾਲੇ ਵਾਲੀ ਸਾਖੀ ਤੋਂ ਇਲਾਵਾ ਸਾਰੇ ਪੁਰਾਤਨ ਇਤਿਹਾਸਕ ਹਵਾਲਿਆਂ ਵਿੱਚ ਅਤੇ ਇੱਥੋਂ ਤੱਕ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈੱਬਸਾਈਟ 'ਤੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ 15 ਅਪ੍ਰੈਲ 1469 ਦਰਜ ਹੈ ਅਤੇ ਗੁਰੂ ਨਾਨਕ ਸਾਹਿਬ ਦੇ ਜਨਮ ਬਾਰੇ ਹੋਰ ਸਹੀ ਜਾਣਕਾਰੀ ਕਰਮ ਸਿੰਘ ਹਿਸਟੋਰੀਅਨ ਦੀ ਕਿਤਾਬ 'ਕੱਤਕ ਕਿ ਵਿਸਾਖ' ਵਿਚ ਵੀ ਉਪਲਬਧ ਹੈ।

ਗਿਆਨੀ ਹਰਪ੍ਰੀਤ ਸਿੰਘ ਨੇ ਗੁਰੂ ਸਾਹਿਬ ਦੀਆਂ ਉਦਾਸੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਕਿਹਾ ਕਿ ਉਹ ਸਾਖੀਆਂ ਜਿਨ੍ਹਾਂ ਵਿੱਚ ਦਰਸਾਇਆ ਜਾਂਦਾ ਹੈ ਕਿ ਬਾਬਾ ਨਾਨਕ ਅੱਖਾਂ ਮੀਚ ਕੇ ਪਲਕ ਝਪਕਣ ਵਿੱਚ ਹੀ ਦੇਸ਼-ਪ੍ਰਦੇਸ਼ ਪਹੁੰਚ ਜਾਂਦੇ ਸਨ, ਪੂਰੀ ਤਰ੍ਹਾਂ ਕਾਲਪਨਿਕ ਤੇ ਝੂਠੀਆਂ ਹਨ। ਇਹ ਸਾਖੀਆਂ ਗੁਰੂ ਨਾਨਕ ਸਾਹਿਬ ਨੂੰ ਕਰਾਮਾਤੀ ਸ਼ਖ਼ਸੀਅਤ ਵਜੋਂ ਪੇਸ਼ ਕਰਦੀਆਂ ਹਨ, ਜੋ ਕਿ ਗੁਰਬਾਣੀ ਦੇ ਆਸ਼ੇ ਅਨੁਸਾਰ ਠੀਕ ਨਹੀਂ।

ਉਨ੍ਹਾਂ ਨੇ ਕਿਹਾ ਕਿ ਮੱਖਣ ਸ਼ਾਹ ਲੁਬਾਣਾ ਅਤੇ ਲੱਖੀ ਸ਼ਾਹ ਵਣਜਾਰਾ ਦਾ ਪਰਿਵਾਰ ਇੱਕ ਵੱਡਾ ਧਨਾਡ ਤੇ ਵਪਾਰੀ ਪਰਿਵਾਰ ਸੀ। ਇਹਨਾਂ ਦਾ ਵਪਾਰ ਮੱਧ ਪੂਰਬ, ਏਸ਼ੀਆ, ਓਟੋਮਨ ਸਾਮਰਾਜ, ਯੂਰਪ ਅਤੇ ਰੂਸ ਤੱਕ ਚਲਦਾ ਸੀ। ਇਹ ਗਨ ਪਾਊਡਰ (ਬਰੂਦ), ਮਸਾਲੇ ਅਤੇ ਹੋਰ ਭਾਰਤੀ ਵਸਤਾਂ ਦਾ ਵਪਾਰ ਕਰਦੇ ਸਨ। ਇਹ ਕਾਫਲੇ ਘੋੜਿਆਂ ਅਤੇ ਬੈਲ ਗੱਡੀਆਂ ਰਾਹੀਂ ਵਸਤਾਂ ਦੀ ਢੁਆਈ ਕਰਦੇ ਸਨ ਅਤੇ ਜਿੱਥੇ ਕਾਫਲੇ ਵਿਸਰਾਮ ਲਈ ਠਹਿਰਦੇ ਸਨ, ਉਨ੍ਹਾਂ ਥਾਵਾਂ ਨੂੰ ਟਾਂਡੇ ਕਿਹਾ ਜਾਂਦਾ ਸੀ। ਅੱਜ ਵੀ ਦਰਜਨਾਂ ਪਿੰਡ ਅਜਿਹੇ ਟਾਂਡਿਆਂ ਦੇ ਨਾਂ 'ਤੇ ਮੌਜੂਦ ਹਨ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਸਾਹਿਬ ਨੇ ਆਪਣੀਆਂ ਉਦਾਸੀਆਂ ਉਹਨਾਂ ਵਣਜਾਰਿਆਂ ਦੇ ਕਾਫਲਿਆਂ ਨਾਲ ਹੀ ਕੀਤੀਆਂ ਸਨ। ਓਟੋਮਨ ਸਾਮਰਾਜ ਦਾ ਧਾਰਮਿਕ ਗੁਰੂ ਫਕੀਰ ਜਲਾਲੂਦੀਨ ਗੁਰੂ ਨਾਨਕ ਸਾਹਿਬ ਦਾ ਮੁਰੀਦ ਸੀ ਅਤੇ ਉਹ ਭਾਰਤ ਆ ਕੇ ਪਿੰਡ ਸੰਦੋਹੇ ਵਿੱਚ ਵੱਸ ਗਿਆ ਸੀ।

ਸੋਸਾਇਟੀ ਦੇ ਮੀਤ ਪ੍ਰਧਾਨ ਮੁਖਤਿਆਰ ਸਿੰਘ ਬੋਪਾਰਾਏ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਗੁਰੂ ਨਾਨਕ ਸਾਹਿਬ ਨੇ ਬ੍ਰਹਿਮੰਡ ਅਤੇ ਮਨੁੱਖੀ ਉਤਪਤੀ ਬਾਰੇ ਜੋ ਵਿਚਾਰ ਦਿੱਤੇ, ਉਹ ਪੱਛਮ ਦੇ ਵਿਗਿਆਨਕਾਂ ਬਰੂਨੋ, ਗੈਲੀਲੀਓ ਅਤੇ ਡਾਰਵਿਨ ਨੇ ਖੋਜ ਸਿਧਾਂਤਾਂ ਵਿਚ ਵੀ ਦਿੱਤੇ ਹਨ। ਉਨ੍ਹਾਂ ਕਿਹਾ ਕਿ ਬਾਬੇ ਨਾਨਕ ਦੀ ਸੋਚ ਸਮੇਂ ਤੋਂ ਅੱਗੇ ਦੀ ਸੋਚ ਸੀ, ਜਿਸ ਨੇ ਮਨੁੱਖੀ ਜੀਵਨ ਦਾ ਵਿਗਿਆਨਕ ਤੇ ਅਧਿਆਤਮਿਕ ਮਿਲਾਪ ਪੇਸ਼ ਕੀਤਾ।

ਮਨੋਵਿਗਿਆਨੀ ਅਤੇ ਗੁਰਬਾਣੀ ਦੇ ਗੰਭੀਰ ਵਿਦਵਾਨ ਡਾ. ਕਾਲਾ ਸਿੰਘ ਨੇ ਦੱਸਿਆ ਕਿ ਗੁਰਬਾਣੀ ਮਨੁੱਖੀ ਮਨ ਦੇ ਰੋਗਾਂ ਤੋਂ ਛੁਟਕਾਰਾ ਦਿਵਾਉਣ ਦੀ ਸਭ ਤੋਂ ਪ੍ਰਭਾਵਸ਼ਾਲੀ ਔਸ਼ਧੀ ਹੈ। ਉਹਨਾਂ ਕਿਹਾ ਕਿ ਮਨੁੱਖ ਜਦ ਗੁਰਬਾਣੀ ਅਨੁਸਾਰ ਜਿਉਣਾ ਸ਼ੁਰੂ ਕਰਦਾ ਹੈ, ਤਦ ਉਸ ਦਾ ਮਨ ਨਕਾਰਾਤਮਕ ਵਿਚਾਰਾਂ ਤੋਂ ਮੁਕਤ ਹੋ ਜਾਂਦਾ ਹੈ ਅਤੇ ਅੰਦਰੂਨੀ ਸ਼ਾਂਤੀ ਪ੍ਰਾਪਤ ਕਰਦਾ ਹੈ। ਗੁਰਚਰਨ ਸਿੰਘ ਵੜੈਚ, ਕੁਲਦੀਪ ਧਾਲੀਵਾਲ, ਗੁਰਨਾਮ ਸਿੰਘ ਖੰਗੂੜਾ, ਗੁਰਮੀਤ ਸਿੰਘ ਬਰਮੀ, ਗੁਰਮੀਤ ਸਿੰਘ ਕਾਲਕਟ, ਕੁਲਦੀਪ ਸਿੰਘ ਜਗਪਾਲ, ਸੁਰਜੀਤ ਸਿੰਘ ਭੱਟੀ ਤੇ ਹਰਦਿਆਲ ਸਿੰਘ ਕੰਗ ਆਦਿ ਬੁਲਾਰਿਆਂ ਨੇ ਆਪਣੀਆਂ ਕਵਿਤਾਵਾਂ ਤੇ ਰਚਨਾਵਾਂ ਰਾਹੀਂ ਗੁਰੂ ਨਾਨਕ ਸਾਹਿਬ ਦੀ ਸਿਫ਼ਤ-ਸਲਾਹ ਕੀਤੀ।

ਅੰਤ ਵਿੱਚ ਸੋਸਾਇਟੀ ਦੇ ਪ੍ਰਧਾਨ ਗੁਰਬਖ਼ਸ਼ ਸਿੰਘ ਸਿੱਧੂ ਨੇ ਆਏ ਸਾਰੇ ਵਿਦਵਾਨਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਉਹਨਾਂ ਨੇ ਆਪਣੇ ਵਿਚਾਰ ਦਿੰਦਿਆਂ ਕਿਹਾ ਕਿ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਮਾਨਵਵਾਦੀ ਹੈ ਜੋ ਸਮੁੱਚੀ ਮਨੁੱਖਤਾ ਦਾ ਕਲਿਆਣ ਕਰਦੀ ਹੈ। ਜਦੋਂ ਹਾਕਮ ਆਮ ਲੋਕਾਂ 'ਤੇ ਜ਼ੁਲਮ ਕਰ ਰਹੇ ਸਨ, ਧਾਰਮਿਕ ਰਸਮਾਂ ਵਿੱਚ ਅੰਧਵਿਸ਼ਵਾਸ ਤੇ ਜਾਤ-ਪਾਤ ਦਾ ਬੋਲਬਾਲਾ ਸੀ, ਔਰਤਾਂ ਨਾਲ ਤ੍ਰਿਸਕਾਰ ਦਾ ਵਰਤਾਓ ਕੀਤਾ ਜਾਂਦਾ ਸੀ — ਉਸ ਸਮੇਂ ਗੁਰੂ ਨਾਨਕ ਸਾਹਿਬ ਨੇ ਸੱਚ, ਇਨਸਾਫ਼ ਅਤੇ ਬਰਾਬਰੀ ਦੀ ਅਵਾਜ਼ ਬੁਲੰਦ ਕੀਤੀ।

ਉਨ੍ਹਾਂ ਕਿਹਾ ਕਿ ਗੁਰੂ ਨਾਨਕ ਸਾਹਿਬ ਇੱਕ ਮਹਾਨ ਸਮਾਜ ਸੁਧਾਰਕ, ਸਮਾਜਵਾਦੀ ਤੇ ਕ੍ਰਾਂਤੀਕਾਰੀ ਸ਼ਖ਼ਸੀਅਤ ਸਨ। ਉਹਨਾਂ ਨੇ ਕਿਰਤ ਨੂੰ ਧਰਮ ਅਤੇ ਸਮਾਜ ਦਾ ਆਧਾਰ" ਬਣਾਇਆ ਅਤੇ ਆਮ ਮਨੁੱਖ ਨੂੰ ਸੱਚੀ ਕਿਰਤ ਤੇ ਇਮਾਨਦਾਰੀ ਨਾਲ ਜਿਉਣ ਦੀ ਪ੍ਰੇਰਨਾ ਦਿੱਤੀ। ਗੁਰੂ ਨਾਨਕ ਸਾਹਿਬ ਨੇ ਭਾਈ ਲਾਲੋ ਅਤੇ ਮਰਦਾਨਾ ਜਿਹੇ ਕਰਮਠ ਲੋਕਾਂ ਰਾਹੀਂ ਸ਼ੋਸ਼ਣਕਾਰੀ ਤਾਕਤਾਂ ਦਾ ਸਖ਼ਤ ਵਿਰੋਧ ਕੀਤਾ। ਅੱਜ ਦੇ ਸਮੇਂ ਵਿੱਚ ਵੀ ਗੁਰੂ ਨਾਨਕ ਸਾਹਿਬ ਦੀ ਸਿੱਖਿਆ — ਸੱਚ, ਕਿਰਤ ਅਤੇ ਬਰਾਬਰੀ — ਸਮਾਜ ਦੇ ਹਰੇਕ ਤਬਕੇ ਲਈ ਰਾਹਦਾਰੀ ਹੈ। ਜੋ ਮਨੁੱਖ ਹੱਕ, ਸੱਚ ਅਤੇ ਨਿਆਂ ਲਈ ਖੜ੍ਹਾ ਹੁੰਦਾ ਹੈ, ਉਹੀ ਅਸਲ ਅਰਥਾਂ ਵਿੱਚ ਗੁਰੂ ਨਾਨਕ ਸਾਹਿਬ ਦਾ ਸਿੱਖ ਕਹਾਉਣ ਦਾ ਹੱਕਦਾਰ ਹੈ।

ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਸੈਮੀਨਾਰ ਵਿਚ ਸ਼ਾਮਲ ਹੋਏ ਦਾਨੀ ਪੁਰਸ਼ ਬਲਜੀਤ ਸਿੰਘ ਢਿੱਲੋਂ, ਜਿਨ੍ਹਾਂ ਨੇ ਆਪਣੀ ਪੰਜ ਮਿਲੀਅਨ ਤੋਂ ਵੱਧ ਦੀ ਜਾਇਦਾਦ ਕੈਂਸਰ ਸੋਸਾਇਟੀ ਅਤੇ ਬੱਚਿਆਂ ਦੇ ਹਸਪਤਾਲ ਨੂੰ ਵਸੀਅਤ ਰਾਹੀਂ ਦਾਨ ਕੀਤੀ ਹੈ, ਨੇ ਵੀ ਹਾਜ਼ਰੀ ਭਰੀ। ਸੋਸਾਇਟੀ ਵੱਲੋਂ ਬਲਜੀਤ ਸਿੰਘ ਢਿੱਲੋਂ ਅਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

## ਕਸ਼ਮੀਰ ਕੌਰ ਜੌਹਲ ਨੇ ਪੰਜਾਬ ਦੇ ਹੜ੍ਹ ਪੀੜਤਾਂ ਲਈ 50,000 ਡਾਲਰਦੀ ਸਹਾਇਤਾ ਦਿੱਤੀ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਰਿਚਮੰਡ, 11 ਨਵੰਬਰ : ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ, ਗੁਰਦੁਆਰਾ ਨਾਨਕ ਨਿਵਾਸ ਸੋਸਾਇਟੀ, ਨੰਬਰ 5 ਰੋਡ, ਰਿਚਮੰਡ, ਬੀ.ਸੀ. ਦੀ ਚੇਅਰ ਪਰਸਨ ਬੀਬੀ ਕਸ਼ਮੀਰ ਕੌਰ ਜੌਹਲ ਵੱਲੋਂ ਪੰਜਾਬ ਵਿਚ ਪਿਛਲੇ ਦਿਨੀਂ ਆਏ ਹੜ੍ਹ ਨਾਲ ਪ੍ਰਭਾਵਿਤ ਪਰਿਵਾਰਾਂ ਦੀ ਸਹਾਇਤਾ ਲਈ 50,000 ਡਾਲਰ ਦਾ ਚੈੱਕ ਭੇਟ ਕੀਤਾ ਗਿਆ।

ਇਹ ਚੈੱਕ ਸ੍ਰੀਮਤੀ ਜੌਹਲ ਨੇ ਬੀਤੇ ਐਤਵਾਰ ਸਿੱਖੀ ਅਵੇਰਨੈੱਸ ਫਾਊਂਡੇਸ਼ਨ ਇੰਟਰਨੈਸ਼ਨਲ ਦੇ ਨੁਮਾਇੰਦੇ ਕੁਲਵਿੰਦਰ ਸਿੰਘ ਸੰਘੇੜਾ ਨੂੰ ਗੁਰਦੁਆਰਾ ਸਾਹਿਬ ਵਿਖੇ ਦਿੱਤਾ ਗਿਆ। ਇਸ ਮੌਕੇ ਗੁਰਦੁਆਰਪ੍ਰਬੰਧਕ ਕਮੇਟੀ ਦੇ ਕਈ ਮੈਂਬਰ ਅਤੇ ਸੇਵਾਦਾਰ ਵੀ ਹਾਜ਼ਰ ਸਨ।

ਇਸ ਮੌਕੇ ਸੋਸਾਇਟੀ ਦੇ ਸਕੱਤਰ ਬਲਵੰਤ ਸਿੰਘ ਸੰਘੇੜਾ ਨੇ ਕਿਹਾ ਕਿ ਪੰਜਾਬ ਸਾਡੇ ਜਨਮ ਭੋਇੰ ਹੈ ਅਤੇ ਜਦੋਂ ਵੀ ਉੱਥੇ ਕੋਈ ਕੁਦਰਤੀ ਆਫ਼ਤ ਆਉਂਦੀ ਹੈ, ਕੈਨੇਡਾ ਵਿਚ ਰਹਿੰਦੀ ਸਿੱਖ ਸੰਗਤ ਹਮੇਸ਼ਾਂ ਆਪਣੇ ਭਰਾਵਾਂ ਦੇ ਦੁੱਖ ਵਿੱਚ ਸਾਂਝ ਪਾਉਂਦੀ ਹੈ। ਉਨ੍ਹਾਂ ਕਿਹਾ ਕਿ ਇਹ ਰਕਮ ਸਿਰਫ਼ ਆਰਥਿਕ ਸਹਾਇਤਾ ਹੀ ਨਹੀਂ, ਸਗੋਂ ਸਿੱਖ ਸੰਗਤ ਵਲੋਂ ਪਿਆਰ, ਹੌਸਲੇ ਅਤੇ ਏਕਤਾ ਦਾ ਪ੍ਰਤੀਕ ਹੈ। ਅਸੀਂ ਉਮੀਦ ਕਰਦੇ ਹਾਂ ਕਿ ਇਹ ਯੋਗਦਾਨ ਹੜ੍ਹ ਪੀੜਤ ਪਰਿਵਾਰਾਂ ਲਈ ਕੁਝ ਹੱਦ ਤੱਕ ਸਹਾਰਾ ਬਣੇਗਾ ਅਤੇ ਉਹ ਆਪਣਾ ਜੀਵਨ ਮੁੜ ਸ਼ੁਰੂ ਕਰ ਸਕਣਗੇ।

ਉਨ੍ਹਾਂ ਕਿਹਾ ਕਿ ਗੁਰਦੁਆਰਾ ਨਾਨਕ ਨਿਵਾਸ ਸਦਾ ਹੀ ਮਨੁੱਖਤਾ ਦੀ ਸੇਵਾ ਲਈ ਸਮਰਪਿਤ ਰਿਹਾ ਹੈ — ਚਾਹੇ ਸਥਾਨਕ ਪੱਧਰ 'ਤੇ ਬੇਸਹਾਰੇ ਲੋਕਾਂ ਦੀ ਮਦਦ ਹੋਵੇ ਜਾਂ ਵਿਦੇਸ਼ਾਂ ਵਿੱਚ ਆਫ਼ਤਾਂ ਨਾਲ ਪੀੜਤ ਲੋਕਾਂ ਦੀ ਸਹਾਇਤਾ ਦਾ ਕਾਰਜ ਹੋਵੇ।

## ਗੁਰੂ ਨਾਨਕ ਤੇ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਰਹੀ ਅਰਪਨ ਲਿਖਾਰੀ ਸਭਾ ਦੀ ਮਾਸਿਕ ਮੀਟਿੰਗ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਕੈਲਗਰੀ, 11 ਨਵੰਬਰ : ਅਰਪਨ ਲਿਖਾਰੀ ਸਭਾ ਦੀ ਨਵੰਬਰ ਮਹੀਨੇ ਦੀ ਮੀਟਿੰਗ ਕੋਸੋ ਹਾਲ ਵਿਚ ਜਸਵੰਤ ਸਿੰਘ ਸੇਖੋਂ, ਕੁਲਦੀਪ ਕੌਰ ਘਟੌੜਾ ਅਤੇ ਜਸਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਬਲਜਿੰਦਰ ਕੌਰ ਮਾਂਗਟ ਨੇ ਸਟੇਜ ਦੀ ਜ਼ਿੰਮੇਵਾਰੀ ਸੰਭਾਲਦਿਆਂ ਸਭ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ।

ਸਮਾਗਮ ਦੇ ਆਗਾਜ਼ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਚੌਰਾਸੀ ਦੇ ਕਤਲੇਆਮ, ਦਿੱਲੀ ਹਿੰਸਾ ਅਤੇ ਵਿਸ਼ਵ ਯੁੱਧਾਂ ਵਿਚ ਸ਼ਹੀਦ ਹੋਏ ਲੋਕਾਂ ਦੀ ਯਾਦ ਵਿਚ ਇਕ ਮਿੰਟ ਦਾ ਮੌਨ ਧਾਰਿਆ ਗਿਆ ਅਤੇ ਸਭਾ ਦੇ ਸੁਹਿਰਦ ਦੋਸਤ ਜੈਤੇਗ ਸਿੰਘ ਅਨੰਤ ਦੀ ਧਰਮ ਪਤਨੀ ਬੀਬੀ ਜਸਪਾਲ ਕੌਰ ਦੇ ਵਿਛੋੜੇ 'ਤੇ ਦੁੱਖ ਪ੍ਰਗਟ ਕੀਤਾ ਗਿਆ।



ਰਚਨਾਤਮਕ ਦੌਰ ਵਿਚ ਸਰਦੂਲ ਸਿੰਘ ਲੱਖਾ ਨੇ ਆਪਣੀ ਕਵਿਤਾ ਰਾਹੀਂ ਮਨੁੱਖਤਾ ਅਤੇ ਜੀਵਨ ਪ੍ਰੇਮ ਦਾ ਸੁਨੇਹਾ ਦਿੱਤਾ। ਪੰਜਾਬ ਬਿਜਲੀ ਬੋਰਡ ਤੋਂ ਰਿਟਾਇਰਡ ਅਫ਼ਸਰ ਬਲਕਾਰ ਸਿੰਘ ਨੇ ਆਪਣੇ ਤਜ਼ਰਬੇ ਰਾਹੀਂ ਇਮਾਨਦਾਰੀ ਨਾਲ ਕੰਮ ਕਰਨ ਦੀ ਪ੍ਰੇਰਨਾ ਦਿੱਤੀ। ਜਸਵਿੰਦਰ ਸਿੰਘ (ਦਿੱਲੀ) ਨੇ 1984 ਦੇ ਕਤਲੇਆਮ ਦੀਆਂ ਹੱਡ-ਬੀਤੀਆਂ ਸੁਣਾਈਆਂ ਜਿਨ੍ਹਾਂ ਨਾਲ ਮਾਹੌਲ ਗ਼ਮਗੀਨ ਹੋ ਗਿਆ। ਬਲਦੇਵ ਸਿੰਘ ਦੁੱਲਟ ਨੇ ਪਹਿਲੇ ਵਿਸ਼ਵ ਯੁੱਧ ਦੇ ਹੀਰੋ ਬੁੱਕਮ ਸਿੰਘ ਬਾਰੇ ਜਾਣਕਾਰੀ ਦਿੱਤੀ, ਜਦਕਿ ਕੁਲਦੀਪ ਕੌਰ ਘਟੌੜਾ ਨੇ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ।

ਛੋਟੇ ਬੱਚੇ ਜੋਧਵੀਰ ਸਿੰਘ ਨੇ ਸ਼ਬਦ 'ਤੁਮ ਦਇਆ ਕਰੋ ਮੇਰੇ ਸਾਈਂ' ਇਸ ਕਦਰ ਮਿੱਠੀ ਆਵਾਜ਼ ਵਿਚ ਗਾਇਆ ਕਿ ਸਰੋਤੇ ਮੋਹਿਤ ਹੋ ਗਏ। ਡਾ. ਮਨਮੋਹਨ ਸਿੰਘ ਬਾਠ ਨੇ 'ਸਤਿਗੁਰ ਨਾਨਕ ਆ ਜਾ ਸੰਗਤ ਪਈ ਪੁਕਾਰਦੀ' ਗਾ ਕੇ ਸਮਾਗਮ ਨੂੰ ਰੰਗਤ ਬਖਸ਼ੀ। ਜੈ ਸਿੰਘ ਉੱਪਲ, ਜਸਵੀਰ ਸਿੰਘ ਸਿਹੋਤਾ, ਅਤੇ ਡਾ. ਹਰਮਿੰਦਰਪਾਲ ਨੇ ਗੁਰਪੁਰਬ ਮੌਕੇ ਕਵਿਤਾਵਾਂ ਤੇ ਸ਼ਬਦਾਂ ਰਾਹੀਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਸੁਨੇਹਾ ਫੈਲਾਇਆ।

ਸਤਨਾਮ ਸਿੰਘ ਢਾਅ ਅਤੇ ਜਸਵੰਤ ਸਿੰਘ ਸੇਖੋਂ ਦੀ ਜੋੜੀ ਨੇ ਕਵੀਸ਼ਰ ਕਰਨੈਲ ਸਿੰਘ ਪਾਰਸ ਦੀ ਰਚਨਾ 'ਸਿੱਖਾਂ ਦੇ ਸਿਦਕ ਦੀਆਂ ਲਿਖੀਆਂ ਨਾਲ ਖੂਨ ਦੀਆਂ ਲੜੀਆਂ' ਜੋਸ਼ ਭਰਪੂਰ ਅੰਦਾਜ਼ ਵਿਚ ਪੇਸ਼ ਕਰਕੇ ਹਾਲ ਤਾਲੀਆਂ ਨਾਲ ਗੂੰਜਾ ਦਿੱਤਾ। ਸਰੂਪ ਸਿੰਘ ਮੰਡੇਰ ਨੇ 'ਗੁਰੂ ਨਾਨਕ ਦੀ ਫ਼ਿਲਾਸਫ਼ੀ' ਕਵਿਤਾ ਨਾਲ ਸੰਗਤ ਨੂੰ ਮੰਤਰਮੁਗਧ ਕੀਤਾ, ਜਦਕਿ ਡਾ. ਜੋਗਾ ਸਿੰਘ ਸਹੋਤਾ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਹਰਮੋਨੀਅਮ ਨਾਲ ਗਾ ਕੇ ਦਰਦਨਾਕ ਦ੍ਰਿਸ਼ ਜੀਵੰਤ ਕਰ ਦਿੱਤਾ। ਭਾਰਤ ਤੋਂ ਆਏ ਅੰਗਰੇਜ਼ ਸਿੰਘ ਨੇ ਆਪਣੀ ਕਵਿਤਾ 'ਐਵੇਂ ਨਾ ਪਰਖ ਸਿਦਕ ਸਾਡਾ' ਨਾਲ ਵਾਹ ਵਾਹ ਖੱਟੀ। ਜੀਰ ਸਿੰਘ ਬਰਾੜ ਨੇ ਗੁਰੂ ਨਾਨਕ ਦੇਵ ਜੀ ਦੀ ਦਾਨ ਦੀ ਫ਼ਿਲਾਸਫ਼ੀ ਤੇ ਪ੍ਰੇਰਕ ਵਿਚਾਰ ਸਾਂਝੇ ਕੀਤੇ। ਇਸ ਮੌਕੇ ਅਦਰਸ਼ ਘਟੌੜਾ, ਮਾਹੀ ਘਟੌੜਾ, ਅਮਰੀਕ ਸਿੰਘ, ਦਲਜੀਤ ਕੌਰ, ਸੁਖਦੇਵ ਕੌਰ ਢਾਅ ਅਤੇ ਮਹਿੰਦਰ ਕੌਰ ਕਾਲੀਰਾਏ ਨੇ ਵੀ ਸਰਗਰਮ ਹਾਜ਼ਰੀ ਭਰੀ।

ਅੰਤ ਵਿੱਚ ਜਸਵੰਤ ਸਿੰਘ ਸੇਖੋਂ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਅਤੇ ਉਹਨਾਂ ਦੇ ਸਰੀਰ ਤੇ ਸੀਸ ਦੇ ਸੰਸਕਾਰ ਦਾ ਵਿਸ਼ਾ ਕਵੀਸ਼ਰੀ ਰੰਗ ਵਿਚ ਪੇਸ਼ ਕਰਕੇ ਸਭਾ ਨੂੰ ਭਾਵੁਕ ਕਰ ਦਿੱਤਾ। ਬਲਜਿੰਦਰ ਕੌਰ ਮਾਂਗਟ ਨੇ ਸੁਚੱਜੇ ਅੰਦਾਜ਼ ਵਿਚ ਸਮੁੱਚੇ ਪ੍ਰੋਗਰਾਮ ਦੀ ਰੌਣਕ ਬਣਾਈ ਰੱਖੀ।

## ਦਸਮੇਸ਼ ਮਿਸ਼ਨ ਸਕੂਲ ਹਰੀਨੌਂ ਨੇ ਕਰਵਾਇਆ ਵਿੱਦਿਅਕ ਟੂਰ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 11 ਨਵੰਬਰ : ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਦੇ ਡਾਇਰੈਕਟਰ ਪ੍ਰਿੰਸੀਪਲ ਸ਼੍ਰੀਮਤੀ ਸੁਰਿੰਦਰ ਕੌਰ ਵੱਲੋਂ ਪ੍ਰਾਇਮਰੀ ਵਿਭਾਗ ਦੀ ਪਹਿਲੀਤੋਂ ਪੰਜਵੀਂ ਜਮਾਤ ਦੇ ਬੱਚਿਆਂ ਦਾ ਬਠਿੰਡਾ ਵਿਖੇ ਵਿੱਦਿਅਕ ਟੂਰ ਲਿਜਾਇਆ ਗਿਆ। ਜਿੱਥੇ ਬੱਚਿਆ ਨੂੰ ਬੀੜ ਤਲਾਬ, ਚੇਤਕ ਪਾਰਕ, ਰੋਜ ਗਾਰਡਨ ਆਦਿ ਵੱਖ-ਵੱਖ ਥਾਵਾਂ ਦਿਖਾਈਆਂ ਗਈਆਂ। ਉੱਥੇ ਬੱਚਿਆਂ ਨੇ ਵੱਖ-ਵੱਖ ਝੂਲਿਆਂ ਦਾ ਆਨੰਦ ਮਾਣਿਆ। ਬੀੜ ਤਲਾਬ ਵਿਚ ਬੱਚਿਆਂ ਨੂੰ ਕਈ ਕਿਸਮਾਂ ਦੇ ਜਾਨਵਰਾਂ ਅਤੇ ਪੰਛੀਆਂ ਦੀ ਜਾਣਕਾਰੀ ਵੀ ਦਿੱਤੀ ਗਈ। ਬੱਚਿਆ ਨੇ ਬੀੜ ਤਲਾਬ ਵਿਚ ਡੀਅਰ ਸਫਾਰੀ ਦਾ ਵੀ ਬਹੁਤ ਖੂਬ ਆਨੰਦ ਮਾਣਿਆ। ਟੂਰ ਦੀ ਅਗਵਾਈ ਮੈਡਮ ਸੁਖਵੀਰ ਕੌਰ ਸੁਰਘੂਰੀ ਅਤੇ ਕੁਆਰਡੀਨੇਟਰ ਨੇਹਾ ਜਿੰਦਲ ਵੱਲੋ ਕੀਤੀ ਗਈ।

## ਨੈਸ਼ਨਲ ਲਾਅ ਯੂਨੀਵਰਸਿਟੀ ਭੋਪਾਲ ਵਿਖੇ ਭੋਪਾਲ ਗੈਸ ਟਰੈਜ਼ਟੀ ਵਿਸ਼ੇ 'ਤੇ ਸੈਮੀਨਾਰ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 11 ਨਵੰਬਰ : ਮਾਨਯੋਗ ਚੇਅਰਮੈਨ ਸਵ. ਇੰਦਰਜੀਤ ਸਿੰਘ ਖਾਲਸਾ ਜੀ ਦੀ ਅਗਾਂਹਵਧੂ ਸੋਚ ਨੂੰ ਅੱਗੇ ਵਧਾਉਂਦੇ ਹੋਏ ਸਿਮਰਜੀਤ ਸਿੰਘ ਸੇਖੋਂ ਜੀ ਦੀ ਰਹਿਨੁਮਾਈ ਅਤੇ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਦੀ ਅਗਵਾਈ ਹੇਠ ਨੈਸ਼ਨਲ ਲਾਅ ਯੂਨੀਵਰਸਿਟੀ ਭੋਪਾਲ ਵਿਖੇ ਵਿਸ਼ਾ 'ਭੋਪਾਲ ਗੈਸ ਟਰੈਜਟੀ" ਉੱਪਰ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਵਿੱਚ ਵੱਖ-ਵੱਖ ਕਾਲਜਾਂ ਦੇ ਲਗਭਗ 700 ਵਿਦਿਆਰਥੀਆਂ ਨੇ ਹਿੱਸਾ ਲਿਆ ਸੀ। ਜਿਸ ਵਿੱਚ ਬਾਬਾ ਫਰੀਦ ਲਾਅ ਕਾਲਜ, ਫਰੀਦਕੋਟ ਵੱਲੋਂ ਵਿਦਿਆਰਥਣ ਸ਼ਰੈਆ ਗੁਪਤਾ (ਬੀ.ਏ.ਐਲਐਲ.ਬੀ, ਭਾਗ-ਤੀਜਾ) ਨੇ ਹਿੱਸਾ ਲਿਆ ਅਤੇ ਬੈਸਟ ਸਪੀਕਰ ਦਾ ਸਥਾਨ ਹਾਸਿਲ ਕਰਕੇ ਕਾਲਜ ਦਾ ਨਾਮ ਰੋਸ਼ਨ ਕੀਤਾ। ਮਾਨਯੋਗ ਪ੍ਰਿੰਸੀਪਲ ਸਾਹਿਬ ਡਾ. ਪੰਕਜ ਕੁਮਾਰ ਗਰਗ, ਇੰਚਾਰਜ ਅਕੈਡਮਿਕ ਡਾ. ਨਵਜੋਤ ਕੌਰ, ਐਸੋਸੀਏਟ ਪ੍ਰੋਫੈਸਰ ਡਾ. ਮੋਹਣ ਸਿੰਘ ਸੱਗੂ, ਸਹਾਇਕ ਪ੍ਰੋਫੈਸਰ ਮਨਪ੍ਰੀਤ ਕੌਰ ਨੇ ਵਿਦਿਆਰਥਣ ਦਾ ਕਾਲਜ ਪਹੁੰਚਣ ਤੇ ਸਵਾਗਤ ਕੀਤਾ।


## ਨੈਤਿਕ ਸਿੱਖਿਆ ਮੁਕਾਬਲੇ 'ਚ ਡਰੀਮਲੈਂਡ ਸਕੂਲ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ : ਸ਼ਰਮਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 11 ਨਵੰਬਰ : ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਗੁਰੂਕਲ ਕਾਲਜ (ਢਿੱਲਵਾਂ ਕਲਾਂ) ਵਿਖੇ ਵਿਦਿਆਰਥੀਆਂ ਨੂੰ ਆਪਣੇ ਅਮੀਰ ਵਿਰਸੇ, ਇਤਿਹਾਸ, ਸ਼ਾਨਾਮਤੀ ਪ੍ਰੰਪਰਾਵਾਂ ਨਾਲ ਜੋੜਨ, ਉਨ੍ਹਾਂ ਦੀ ਸਰਵੱਖੀ ਸ਼ਖ਼ਸੀਅਤ ਉਸਾਰੀ ਅਤੇ ਉਸਾਰੂ ਸਮਾਜ ਸਿਰਜਣਾ ਦੇ ਉਦੇਸ਼ ਤਹਿਤ ਅੰਤਰ ਯੁਵਕ ਮੇਲਾ 2025 ਕਰਵਾਇਆ ਗਿਆ। ਅੰਤਰ ਯੁਵਕ ਮੇਲੇ ਵਿੱਚ ਡਰੀਮਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੋਟਕਪੂਰਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ। ਸਕੂਲ ਦੇ ਚੇਅਰਮੈਨ ਪ੍ਰਕਾਸ਼ ਚੰਦ ਸ਼ਰਮਾ ਨੇ ਦੱਸਿਆ ਕਿ ਸੀਨੀਅਰ ਵਰਗ ਦੇ ਨੈਤਿਕ ਸਿੱਖਿਆ ਦੀ ਪ੍ਰੀਖਿਆ ਵਿੱਚੋਂ ਗਿਆਰ੍ਹਵੀਂ ਜਮਾਤ ਦੀ ਵਿਦਿਆਰਥਣ ਖੁਸ਼ਪ੍ਰੀਤ ਕੌਰ ਸਪੁੱਤਰੀ ਹਰਜਿੰਦਰ ਸਿੰਘ ਨੇ ਮੈਰਿਟ ਸਥਾਨ ਅਤੇ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਹਸ਼ਰਤਪ੍ਰੀਤ ਕੌਰ ਸਪੁੱਤਰੀ ਰਾਜਾ ਸਿੰਘ ਨੇ ਤੀਜਾ, ਜੂਨੀਅਰ ਵਰਗ ਦੇ ਨੈਤਿਕ ਸਿੱਖਿਆ ਦੀ ਪ੍ਰੀਖਿਆ ਵਿੱਚ ਛੇਵੀਂ ਜਮਾਤ ਦੀ ਵਿਦਿਆਰਥਣ ਮਨਸੁੱਖ ਕੌਰ ਸਪੁੱਤਰੀ ਰਾਜਾ ਸਿੰਘ ਅਤੇ ਨੌਵੀਂ ਜਮਾਤ ਦੀ ਵਿਦਿਆਰਥਣ ਗੁਰਲੀਨ ਕੌਰ ਸਪੁੱਤਰੀ ਸਿਕੰਦਰ ਸਿੰਘ ਨੇ ਮੈਰਿਟ ਸਥਾਨ, ਸੀਨੀਅਰ ਵਰਗ ਦੇ ਦਸਤਾਰ ਸਜਾਉਣ ਮੁਕਾਬਲੇ ਵਿੱਚ ਨੌਵੀਂ ਜਮਾਤ ਦੇ ਵਿਦਿਆਰਥੀ ਸੁਖਵੀਰ ਸਿੰਘ ਸਪੁੱਤਰ ਚਰਨਜੀਤ ਸਿੰਘ ਨੇ ਤੀਜਾ, ਸੀਨੀਅਰ ਵਰਗ ਦੇ ਪੇਂਟਿੰਗ ਮੁਕਾਬਲੇ ਵਿੱਚ ਗਿਆਰ੍ਹਵੀਂ ਜਮਾਤ ਦੀ ਵਿਦਿਆਰਥਣ ਕਮਲਪ੍ਰੀਤ ਕੌਰ ਸਪੁੱਤਰੀ ਰੇਸ਼ਮ ਸਿੰਘ ਨੇ ਵਿਸ਼ੇਸ਼ ਸਥਾਨ, ਸਬ ਜੂਨੀਅਰ ਵਰਗ ਦੇ ਦੁਮਾਲਾ ਮੁਕਾਬਲੇ ਵਿੱਚ ਚੌਥੀ ਜਮਾਤ ਦੀ ਵਿਦਿਆਰਥਣ ਸਿਮਰਜੀਤ ਕੌਰ ਸਪੁੱਤਰੀ ਜਸਵਿੰਦਰ ਸਿੰਘ ਨੇ ਵਿਸ਼ੇਸ਼ ਸਥਾਨ, ਪ੍ਰਸ਼ਨੋਤਰੀ ਮੁਕਾਬਲੇ ਵਿੱਚ ਹਸ਼ਰਤਪ੍ਰੀਤ ਕੌਰ ਸਪੁੱਤਰੀ ਰਾਜਾ ਸਿੰਘ ਅਤੇ ਖੁਸ਼ਪ੍ਰੀਤ ਕੌਰ ਸਪੁੱਤਰੀ ਹਰਜਿੰਦਰ ਸਿੰਘ ਨੇ ਵਿਸ਼ੇਸ਼ ਸਥਾਨ ਹਾਸਿਲ ਕੀਤਾ। ਇਨ੍ਹਾਂ ਵਿਦਿਆਰਥੀਆਂ ਨੂੰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਸਨਮਾਨ ਚਿੰਨ੍ਹ, ਮੈਡਲ, ਕੈਸ਼, ਬੈਗ ਅਤੇ ਨੋਟਬੁਕਸ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਰਾਕੇਸ਼ ਸ਼ਰਮਾ ਅਤੇ ਮੈਡਮ ਨਵਪ੍ਰੀਤ ਸ਼ਰਮਾ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਅੱਗੇ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਹੋਰਨਾ ਤੋਂ ਇਲਾਵਾ ਪ੍ਰਿੰਸੀਪਲ ਰਾਕੇਸ਼ ਸ਼ਰਮਾ, ਮੈਡਮ ਨਵਪ੍ਰੀਤ ਸ਼ਰਮਾ, ਮੈਡਮ ਰਾਜਵਿੰਦਰ ਕੌਰ ਅਤੇ ਅਧਿਆਪਕ ਪ੍ਰਦੀਪ ਕੁਮਾਰ ਸਮੇਤ ਸਮੂਹ ਸਟਾਫ ਹਾਜ਼ਰ ਸਨ।

# 'ਮੈਂ ਗਾਜ਼ਾ ਕਹਿਨਾ' ਕਾਵਿ ਸੰਗ੍ਰਹਿ ਸੰਵੇਦਨਸ਼ੀਲਤਾ ਦਾ ਪ੍ਰਤੀਕ







ਸੰਸਾਰ ਵਿੱਚ ਅਰਾਜਕਤਾ, ਹਿੰਸਾ ਅਤੇ ਦੇਸ਼ਾਂ ਦੀਆਂ ਆਪਸੀ ਖ਼ਹਿਬਾਜ਼ੀਆਂ ਕਰਕੇ ਜੰਗਾਂ ਦਾ ਮਾਹੌਲ ਇਨਸਾਨੀਅਤ ਲਈ ਘਾਤਕ ਸਾਬਤ ਹੋ ਰਿਹਾ ਹੈ। ਅਜਿਹੇ ਹਾਲਾਤ ਸਮਾਜਿਕ ਤਾਣੇ-ਬਾਣੇ ਨੂੰ ਤਹਿਸ ਨਹਿਸ ਕਰ ਰਹੇ ਹਨ। ਇਸ ਦਾ ਖਮਿਆਜ਼ਾ ਵੀ ਲੋਕਾਈ ਹੀ ਭੁਗਤ ਰਹੀ ਹੈ। ਇਹ ਹਾਲਾਤ ਵੀ ਇਨਸਾਨ ਹੀ ਪੈਦਾ ਕਰ ਰਹੇ ਹਨ, ਪ੍ਰੰਤੂ ਸੰਵੇਦਨਸ਼ੀਲ ਲੋਕਾਂ ਖਾਸ ਤੌਰ 'ਤੇ ਵਿਦਵਾਨਾ ਅਤੇ ਸਾਹਿਤਕਾਰਾਂ ਨੂੰ ਇਨਸਾਨੀਅਤ ਦੀ ਤਬਾਹੀ ਬਹੁਤ ਮਹਿਸੂਸ ਹੁੰਦੀ ਹੈ। ਇਸ ਕਰਕੇ ਸੂਝਵਾਨ ਤੇ ਸੰਵੇਦਨਸ਼ੀਲ ਲੇਖਕਾਂ ਅਰਵਿੰਦਰ ਕੌਰ ਕਾਕੜਾ ਤੇ ਅਜਮੇਰ ਸਿੱਧੂ ਨੇ ਇੱਕ ਕਾਵਿ ਸੰਗ੍ਰਹਿ 'ਮੈਂ ਗਾਜ਼ਾ ਕਹਿਨਾ' ਸੰਪਾਦਿਤ ਕੀਤਾ ਹੈ, ਜਿਸ ਵਿੱਚ ਕਵੀਆਂ ਨੇ ਆਪਣੀਆਂ ਕਵਿਤਾਵਾਂ ਰਾਹੀਂ ਗਾਜ਼ਾ ਵਿੱਚ ਹੋ ਰਹੇ ਕਤਲੇਆਮ ਦੀ ਦਰਦਨਾਕ ਤਸਵੀਰ ਖਿੱਚ ਕੇ ਰੱਖ ਦਿੱਤੀ ਹੈ। 'ਮੈਂ ਗਾਜ਼ਾ ਕਹਿਨਾ' ਅਤਿਅੰਤ ਸੰਵੇਦਨਸ਼ੀਲਤਾ ਵਾਲਾ ਕਾਵਿ ਸੰਗ੍ਰਹਿ ਹੈ। ਇਸ ਕਾਵਿ ਸੰਗ੍ਰਹਿ ਵਿੱਚ 73 ਕਵੀਆਂ ਦੀਆਂ ਮੌਲਿਕ ਅਤੇ 5 ਕਵੀਆਂ ਦੀਆਂ ਅਨੁਵਾਦਿਤ ਕੁਲ 83 ਕਵਿਤਾਵਾਂ ਸ਼ਾਮਲ ਹਨ, ਜਿਹੜੀਆਂ ਇਜ਼ਰਾਈਲ ਵੱਲੋਂ ਅਮਰੀਕਾ ਦੀ ਸ਼ਹਿ ਤੇ ਮੱਦਦ ਨਾਲ ਗਾਜ਼ਾ ਵਿੱਚ ਫ਼ਲਸਤੀਨੀਆਂ ਦੀ ਨਸਲਕੁਸ਼ੀ ਕਰਨ ਲਈ ਕੀਤੇ ਜਾ ਰਹੇ ਜ਼ਾਲਮਾਨਾ ਤੇ ਨਿਰਦਈ ਕਤਲੇਆਮ ਦੀ ਤ੍ਰਾਸਦੀ ਨੂੰ ਬਿਆਨ ਕਰਦੀਆਂ ਹਨ। ਇਸ ਕਾਵਿ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਸਾਮਰਾਜਵਾਦੀ ਤਾਕਤਾਂ ਦੇ ਮਾਨਵਤਾਵਾਦੀ ਮਖੌਟੇ ਦਾ ਵੀ ਪਰਦਾ ਫਾਸ਼ ਕਰਦੀਆਂ ਹਨ, ਉਹ ਕਹਿਣੀ ਤੇ ਕਰਨੀ ਤੇ ਪੂਰੇ ਨਹੀਂ ਉਤਰਦੇ। ਸੰਸਾਰ ਦੇ ਵਰਤਮਾਨ ਪਰਜਾਤੰਤਰਕ ਢਾਂਚੇ ਵਿੱਚ ਵੀ ਧਰਮ, ਜਾਤ ਤੇ ਨਸਲ ਦੀਆਂ ਵੰਡੀਆਂ ਕਰਕੇ ਹੋ ਰਹੀਆਂ ਲੜਾਈਆਂ ਇਨਸਾਨੀਅਤ ਵਿੱਚ ਨਫ਼ਰਤਾਂ ਦੇ ਬੀਜ, ਬੀਜਕੇ ਭਾਈਚਾਰਕ ਸਾਂਝ ਨੂੰ ਖ਼ੇਰੂੰ-ਖ਼ੇਰੂੰ ਕਰ ਰਹੀਆਂ ਹਨ, ਜਿਨ੍ਹਾਂ ਕਰਕੇ ਗਾਜ਼ਾ ਵਿੱਚ ਦਰਿੰਦਗੀ ਦਾ ਨੰਗਾ ਨਾਚ ਹੋ ਰਿਹਾ ਹੈ। ਇਨ੍ਹਾਂ ਕਵਿਤਾਵਾਂ ਵਿੱਚ ਜੰਗਾਂ ਦੇ ਵਿਨਾਸ਼ਕਾਰੀ ਸਿੱਟਿਆਂ ਨਾਲ ਇਨਸਾਨੀਅਤ ਦੇ ਹੋ ਰਹੇ ਘਾਣ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸੰਪਾਦਕੀ ਮੰਡਲ ਨੇ ਕਵਿਤਾਵਾਂ ਦੀ ਚੋਣ ਬਹੁਤ ਹੀ ਸੰਜੀਦਗੀ ਨਾਲ ਕੀਤੀ ਹੈ। ਕਵਿਤਾਵਾਂ ਸੰਵੇਦਨਸ਼ੀਲ ਲੋਕਾਂ ਨੂੰ ਗਾਜ਼ਾ ਵਿੱਚ ਹੋ ਰਹੀ ਜੰਗ ਦੇ ਮਾਰੂ ਸਿੱਟਿਆਂ ਦੀ ਜਾਣਕਾਰੀ ਦੇ ਕੇ ਕੋਈ ਸਾਰਥਿਕ ਕਦਮ ਚੁੱਕਣ ਲਈ ਝੰਜੋੜਦੀਆਂ ਹਨ। ਸਾਮਰਾਜੀ ਤਾਕਤਾਂ ਜੰਗਾਂ ਦੇ ਰਾਹੀਂ ਆਪਣਾ ਦਬਦਬਾ ਬਣਾਕੇ ਰੱਖਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਅਮਰੀਕਾ ਸੰਸਾਰ ਦੀ ਸਭ ਤੋਂ ਵੱਡੀ ਤਾਕਤ ਹੋਣ ਦੀ ਧੌਂਸ ਵਿਖਾ ਰਿਹਾ ਹੈ। ਇਸ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਰਾਹੀਂ ਅਦਾਰਾ ਪਰਵਾਜ਼ ਨੇ ਫ਼ਲਸਤੀਨ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਦੀ ਕੋਸ਼ਿਸ਼ ਕੀਤੀ ਹੈ, ਤਾਂ ਜੋ ਇਸ ਧੱਕੇਸ਼ਾਹੀ ਵਿਰੁੱਧ ਲੋਕ ਰਾਇ ਪੈਦਾ ਕੀਤੀ ਜਾ ਸਕੇ। ਇਨ੍ਹਾਂ ਕਵਿਤਾਵਾਂ ਨੇ ਇਹ ਵੀ ਦਰਸਾਇਆ ਹੈ ਕਿ ਇਤਨੀ ਬੇਰਹਿਮੀ ਨਾਲ ਮਨੁੱਖੀ ਜਾਨਾ ਖਾਸ ਤੌਰ 'ਤੇ ਇਸਤਰੀਆਂ ਅਤੇ ਬੱਚਿਆਂ ਦੀ ਦਰਦਨਾਕ ਕਤਲੋਗਾਰਤ ਵੀ ਗਾਜ਼ਾ ਵਾਸੀਆਂ ਦੇ ਹੌਸਲੇ ਨੂੰ ਤੋੜ ਨਹੀਂ ਸਕੀ। ਭੁੱਖ ਨਾਲ ਵਿਲਕਦੇ ਬੱਚਿਆਂ ਦੀਆਂ ਕਿਲਕਾਰੀਆਂ ਹਰ ਇਨਸਾਨ ਦੇ ਦਿਲ ਵਿੱਚ ਇਜ਼ਰਾਈਲ ਦੇ ਵਤੀਰੇ ਦੀ ਨਿੰਦਿਆ ਕਰਨ ਅਤੇ ਇਸ ਜੰਗ ਦੇ ਵਿਰੁੱਧ ਪਰਜਾਤੰਤਰਿਕ ਢੰਗ ਰਾਹੀਂ ਲਾਮਬੰਦ ਹੋ ਕੇ ਇੱਕਮੁੱਠਤਾ ਨਾਲ ਵਿਰੋਧ ਕਰਨ ਦੀ ਜਾਗ ਲਗਾਉਂਦੀ ਹੈ। ਫ਼ਲਸਤੀਨੀਆਂ ਦੀ ਦਾਦ ਦੇਣੀ ਬਣਦੀ ਹੈ ਕਿ ਉਹ ਅਜਿਹੇ ਕਰੂਰਤਾ ਦੇ ਵਿਵਹਾਰ ਦਾ ਮੁਕਾਬਲਾ ਕਰਦਿਆਂ ਆਪਣੀ ਹੋਂਦ ਦੀ ਲੜਾਈ ਤਨਦੇਹੀ ਨਾਲ ਲੜ ਰਹੇ ਹਨ। ਇਸ ਕਾਵਿ ਸੰਗ੍ਰਹਿ ਦੀ ਹਰ ਕਵਿਤਾ ਆਪੋ-ਆਪਣੇ ਢੰਗ ਨਾਲ ਸਾਮਰਾਜੀ ਤਾਕਤਾਂ ਦੀਆਂ ਅਮਾਨਵੀ ਹਰਕਤਾਂ ਨੂੰ ਨੰਗਿਆ ਕਰਦੀ ਹੈ। ਅਜਿਹੀਆਂ ਜੰਗਾਂ ਸਮੇਂ ਲਿਖੀਆਂ ਗਈਆਂ ਕਵਿਤਾਵਾਂ ਤੇ ਸਾਹਿਤ ਇਤਿਹਾਸ ਦਾ ਹਿੱਸਾ ਬਣਕੇ ਆਉਣ ਵਾਲੀ ਪੀੜ੍ਹੀ ਨੂੰ ਸਾਮਰਾਜੀ ਤਾਕਤਾਂ ਦੇ ਗ਼ੈਰ ਮਨੁਖੀ ਵਿਵਹਾਰ ਬਾਰੇ ਜਾਣੂੰ ਕਰਵਾਏਗੀ। 'ਗਾਜ਼ਾ ਤੋਂ ਆਈ ਪੁਕਾਰ' ਕਵਿਤਾ ਵਿੱਚ ਮਾਵਾਂ ਦੀਆਂ ਦੁੱਧ ਬਿਨਾ ਸੁੱਕੀਆਂ ਛਾਤੀਆਂ, ਬੱਚਿਆਂ ਨੂੰ ਤੜਪਣ, ਵਿਲਕਣ ਤੇ ਭੁੱਖ ਨਾਲ ਮਰਨ ਲਈ ਮਜ਼ਬੂਰ ਕਰ ਰਹੀਆਂ ਹਨ। ਮਾਵਾਂ ਬੱਚਿਆਂ ਨੂੰ ਭੁੱਖ ਨਾਲ ਰੋਂਦੇ ਕੁਰਲਾਂਦੇ ਵੇਖਦੀਆਂ ਬੇਬਸ ਹਨ:

ਮਾਵਾਂ ਦੇ ਵੀ ਦੁੱਧ ਮੁੱਕ ਗਏ

ਭੁੱਖੀਆਂ ਭਾਣੀਆਂ ਉਹ ਵੀ ਕਿਥੋਂ ਚੁੰਘਾਉਣ

ਛਾਤੀ ਨਾਲ ਲਾ ਰੋਂਦੀਆਂ ਸਾਨੂੰ

ਦੇਖ ਸਾਨੂੰ ਦੁੱਧ ਨੂੰ ਤਰਸਦੇ।

ਕਾਵਿ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਪਾਠਕਾਂ ਦੇ ਦਿਲਾਂ ਨੂੰ ਵਲੂੰਧਰਦੀਆਂ ਹਨ। ਲੋਕਾਂ ਨੂੰ ਇਸ ਅਣਹੋਣੀ ਖਿਲਾਫ਼ ਸਖ਼ਤ ਫ਼ੈਸਲੇ ਕਰਨ ਦੀ ਤਾਕੀਦ ਕਰਦੀਆਂ ਹਨ। 'ਗਾਜ਼ਾ ਦੇ ਪੀੜਤ' ਸਿਰਲੇਖ ਵਾਲੀ ਕਵਿਤਾ ਮਨੁੱਖੀ ਹੱਕਾਂ ਦੇ ਅਖੌਤੀ ਪਹਿਰੇਦਾਰਾਂ ਨੂੰ ਵੰਗਾਰਦੀ ਹੈ:

ਉਹ ਜੋ ਮਨੁੱਖੀ ਹੱਕਾਂ ਦੇ ਅਖੌਤੀ ਅਲੰਬਰਦਾਰਾਂ ਦਾ

ਹੁੰਦੇ ਜ਼ੁਲਮ ਸਾਹਵੇਂ

ਹਾਅ ਦਾ ਨਾਅਰਾ ਗੁੰਗਾ ਹੋ ਗਿਆ ਹੈ

ਧਰਮਾਂ, ਨਸਲਾਂ ਤੇ ਸਵਾਰਥਾਂ ਨਾਲ ਜਾ ਖੜ੍ਹਿਆ ਹੈ

ਭਵਿਖ ਇਨ੍ਹਾਂ ਨੂੰ ਕਟਹਿਰੇ 'ਚ ਖੜ੍ਹਾ ਕਰੇਗਾ

ਤੇ ਇਹ ਯਾਦ ਰੱਖਣ ਕਿਸੇ ਇਤਿਹਾਸ ਦਾ ਬਦਲਾ

ਵਰਤਮਾਨ ਨਹੀਂ ਲੈ ਸਕਦਾ

ਤੇ ਵਰਤਮਾਨ ਦੇ ਦਾਗ਼ ਭਵਿਖ ਨਹੀਂ ਧੋ ਸਕਦਾ

ਪੀੜਤਾਂ ਦੇ ਹੱਕ 'ਚ ਵੱਜੇ ਕਿਸੇ ਨਾਅਰੇ ਦੀ ਗੂੰਜ

ਸਦੀਆਂ ਬੀਤਣ ਨਾਲ ਵੀ ਮੱਧਮ ਨਹੀਂ ਹੁੰਦੀ।

ਇਸ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਜਿਥੇ ਇਜ਼ਰਾਈਲ ਦੀ ਕਾਰਵਾਈ ਨੂੰ ਇਨਸਾਨੀਅਤ ਨਾਲ ਧ੍ਰੋਹ ਗਰਦਾਨ ਰਹੀਆਂ ਹਨ, ਉਥੇ ਹੀ ਸੰਸਾਰ ਦੇ ਮਨੁੱਖੀ ਹੱਕਾਂ ਦੇ ਰਖਵਾਲਿਆਂ ਵੱਲੋਂ ਪੀੜਤਾਂ ਦੀ ਮਦਦ ਲਈ ਮੋਹਰੀ ਦੀ ਭੂਮਿਕਾ ਨਿਭਾਉਣ ਦੀ ਪ੍ਰਸੰਸਾ ਵੀ ਕਰ ਰਹੀਆਂ ਹਨ। ਵਰ੍ਹ ਰਹੀਆਂ ਗੋਲੀਆਂ ਦੇ ਦਰਮਿਆਨ ਵੱਖ-ਵੱਖ ਦੇਸ਼ਾਂ ਦੇ ਲੋਕ ਬੱਚਿਆਂ ਲਈ ਖਾਣ ਪੀਣ ਦਾ ਸਮਾਨ ਲੈ ਕੇ ਜਾ ਰਹੇ ਹਨ। 'ਇਨਸਾਨੀਅਤ ਦੀਆਂ ਚਿੱਠੀਆਂ' ਸਿਰਲੇਖ ਵਾਲੀ ਕਵਿਤਾ ਲੋਕਾਈ ਦੀ ਹਮਦਰਦੀ ਦਾ ਪ੍ਰਗਟਾਵਾ ਇਸ ਪ੍ਰਕਾਰ ਕਰਦੀ ਹੈ:

ਸਮੁੰਦਰ ਦੀ ਹਿੱਕ ਤੇ ਤੈਰਦੀਆਂ

ਇਹ ਪਾਣੀ, ਦੁੱਧ, ਦਾਲਾਂ ਨਾਲ ਭਰੀਆਂ ਬੋਤਲਾਂ

ਚਿੱਠੀਆਂ ਨੇ ਮੁਹੱਬਤ ਦੀਆਂ

ਜਿਹੜੀਆਂ ਲੈ ਕੇ

ਜਾ ਰਹੀਆਂ ਖਾਣਾ

ਉਨ੍ਹਾਂ ਭੁੱਖ ਨਾਲ ਵਿਲਕਦੇ ਬੱਚਿਆਂ ਕੋਲ

ਜਿਨ੍ਹਾਂ ਨੂੰ ਇਸ ਦੀ ਜ਼ਰੂਰਤ ਹੈ।

ਗਾਜ਼ਾ 'ਤੇ ਹੋ ਰਹੇ ਹਮਲਿਆਂ ਨੇ ਦੁਨੀਆਂ ਨੂੰ ਸ਼ਰਮਸ਼ਾਰ ਕੀਤਾ ਹੈ। ਦੁਨੀਆਂ ਦੇ ਲੋਕ ਜੰਗ ਵਿੱਚ ਹੋ ਰਹੀ ਤਬਾਹੀ ਬਾਰੇ ਸੁਣਕੇ ਤ੍ਰਾਹ-ਤ੍ਰਾਹ ਕਰ ਰਹੇ ਹਨ, ਪ੍ਰੰਤੂ ਉਥੋਂ ਦੇ ਬਹਾਦਰ ਲੋਕਾਂ ਦੇ ਹੌਸਲਿਆਂ ਨੂੰ 'ਗਾਜ਼ਾ ਦਾ ਦਰਦ' ਸਿਰਲੇਖ ਵਾਲੀ ਕਵਿਤਾ ਵਿੱਚ ਅਜਿਹੇ ਅੰਦਾਜ਼ ਵਿੱਚ ਲਿਖਿਆ ਹੈ ਕਿ ਪਾਠਕ ਫ਼ਲਸਤੀਨੀਆਂ ਦੀ ਹਿੰਮਤ ਨੂੰ ਸਲਾਮ ਕਰਨੋ ਰਹਿ ਨਹੀਂ ਸਕਦੇ:

ਆਪਣੀ ਮਿੱਟੀ ਖ਼ਾਤਰ ਲੜਦੇ ਲੋਕ, ਤਖ਼ਤਾਂ ਸੰਗ ਟਕਰਾਉਂਦੇ ਲੋਕ,

ਧੜ ਤੋਂ ਸਿਰ ਹੀ ਵੱਖ ਹੋ ਜਾਏ, ਫਿਰ ਵੀ ਨੇ ਮੁਸਕਰਾਉਂਦੇ ਲੋਕ।

ਮਨ ਦੇ ਅੰਦਰ ਝੱਖੜ ਲੈ ਕੇ, ਭੁੱਖੇ ਰਹਿ ਕੇ ਲੜਨ ਦਾ ਜਜ਼ਬਾ,

ਗਾਜ਼ਾ ਦੇ ਵਿੱਚ ਜੰਮੇ ਜਾਏ, ਮਹਿਲ ਰੇਤ ਦੇ ਢਾਹੁੰਦੇ ਲੋਕ।

ਦੁਨੀਆਂ ਦਾ ਉਹ ਕਰਤਾ-ਧਰਤਾ, ਨਿੱਤ ਫੁੰਕਾਰੇ ਰਹੇ ਮਾਰਦਾ,

ਈਨ ਉਹਦੀ ਨਾ ਮੰਨੇ ਗਾਜ਼ਾ, ਬੱਦਲ ਬਣਕੇ ਭਾਉਂਦੇ ਲੋਕ।

ਇਨ੍ਹਾਂ ਕਵਿਤਾਵਾਂ ਵਿੱਚ ਅਰਬ ਦੇ ਅਮੀਰਜ਼ਾਦਿਆਂ ਨੂੰ ਵੀ ਨਿਹੋਰੇ ਮਾਰੇ ਗਏ ਹਨ, ਉਨ੍ਹਾਂ ਨੂੰ ਗਾਜ਼ਾ ਵਿੱਚ ਹੋ ਰਿਹਾ ਕਤਲੇਆਮ ਤੇ ਤਬਾਹੀ ਕਿਉਂ ਨਹੀਂ ਦਿਸ ਰਹੀ? ਉਹ ਆਪਣੀ ਖ਼ੁਸ਼ਹਾਲੀ ਦੇ ਜਸ਼ਨਾ ਵਿੱਚ ਡੁੱਬੇ ਹੋਏ ਹਨ। ਇਤਨੇ ਭਿਅੰਕਰ ਹਾਲਾਤ ਵਿੱਚੋਂ ਵੀ 'ਉਸਰ ਜਾਣਗੇ' ਅਤੇ 'ਕੁਕਨਸ' ਕਵਿਤਾਵਾਂ ਵਿੱਚੋਂ ਆਸ ਦੀ ਕਿਰਨ ਨਜ਼ਰ ਆ ਰਹੀ ਹੈ। ਇਨ੍ਹਾਂ ਕਵਿਤਾਵਾਂ ਦੇ ਕਵੀ ਕਹਿੰਦੇ ਹਨ ਕਿ ਜਿਤਨੀ ਮਰਜ਼ੀ ਤਬਾਹੀ ਕਰ ਲਓ ਪ੍ਰੰਤੂ ਇੱਕ-ਨਾ- ਇੱਕ ਦਿਨ ਫ਼ਲਸਤੀਨੀ ਲੋਕ ਮੁੜ ਉਠ ਖੜ੍ਹੇ ਹੋਣਗੇ ਤੇ ਆਪਣੇ ਘਰ ਬਾਰ ਉਸਾਰ ਲੈਣਗੇ। ਇਹ ਕਵਿਤਾਵਾਂ ਗਾਜ਼ਾ ਦੇ ਲੋਕਾਂ ਦੀ ਹਿੰਮਤ ਦੀ ਪ੍ਰਤੀਨਿਧਤਾ ਇਸ ਪ੍ਰਕਾਰ ਕਰਦੀਆਂ ਹਨ:

ਤੁਸੀਂ ਜੋ ਤਬਾਹੀ ਕੀਤੀ

ਹਮੇਸ਼ਾ ਨਹੀਂ ਰਹੇਗੀ

ਉਗ ਪੈਣਗੇ

ਰੁੱਖਾਂ ਵਾਂਗ ਹੌਸਲੇ

ਆਲ੍ਹਣਿਆਂ 'ਚ ਬੋਟ

ਚੁੰਝਾਂ 'ਚ ਸਪਨੇ।

ਏਸੇ ਤਰ੍ਹਾਂ 'ਕੁਕਨਸ' ਕਵਿਤਾ ਵਿੱਚ ਲਿਖਿਆ ਹੈ:

ਕੁਕਨਸ ਨੇ ਇਸੇ ਰਾਖ 'ਚੋਂ

ਸੁਭਾਗੀ ਇਸੇ ਖ਼ਾਕ 'ਚੋਂ

ਬਿਨਾਂ ਸ਼ੱਕ ਉਦੈ ਹੋਣਾ ਹੈ

ਜੀਵਨ ਦਾ ਗੀਤ ਛੋਹਣਾ ਹੈ।

ਅਖ਼ੀਰ ਵਿੱਚ ਮੈਂ ਕਾਵਿ ਸੰਗ੍ਰਹਿ ਦੀ ਸੰਪਾਦਕ ਅਰਵਿੰਦਰ ਕੌਰ ਕਾਕੜਾ, ਸਹਾਇਕ ਸੰਪਾਦਕ ਅਜਮੇਰ ਸਿੱਧੂ, ਸੰਪਾਦਕੀ ਮੰਡਲ ਅਤੇ ਅਦਾਰਾ ਪਰਵਾਜ਼ ਨੂੰ ਸਲਾਮ ਕਰਦਾ ਹਾਂ, ਜਿਨ੍ਹਾਂ ਨੇ ਆਪਣੀ ਜ਼ਿੰਮੇਵਾਰੀ ਸਮਝਦਿਆਂ ਇਹ ਕਾਵਿ ਸੰਗ੍ਰਹਿ ਪ੍ਰਕਾਸ਼ਤ ਕੀਤਾ ਹੈ।

158 ਪੰਨਿਆਂ, 160 ਰੁਪਏ, 10 ਡਾਲਰ ਕੀਮਤ ਵਾਲਾ ਕਾਵਿ ਸੰਗ੍ਰਹਿ ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ ਲੁਧਿਆਣਾ ਨੇ ਪ੍ਰਕਾਸ਼ਤ ਕੀਤਾ ਹੈ।

ਸੰਪਰਕ ਅਰਵਿੰਦਰ ਕੌਰ ਕਾਕੜਾ: 9463615536, ਅਜਮੇਰ ਸਿੱਧੂ :9463063990